# ਖੁੱਲ੍ਹਾ ਵਪਾਰਃ ਗੈਬੀ ਦੇਵਤਾ ਅਤੇ ਅਜਾਰੇਦਾਰ ਪੁਜਾਰੀ

ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਸਾਮਰਾਜੀਆਂ ਅਤੇ ਇਨ੍ਹਾਂ ਦੀਆਂ ਸਰਕਾਰਾਂ ਨੇ ਹਰ ਪਾਸੇ ਰੌਲਾ ਪਾਇਆ ਹੋਇਆ ਹੈ ਕਿ ਖੁੱਲ੍ਹਾ ਵਪਾਰ ਬਹੁਤ ਹੀ ਜ਼ਰੂਰੀ ਹੈ ਅਤੇ ਇਸ ਨਾਲ ਲੋਕਾਂ ਨੂੰ ਦੇ ਸਭ ਮਸਲੇ ਹੱਲ ਹੋ ਜਾਣਗੇ। ਸਮਾਜ ਦਾ ਕੋਈ ਵੀ ਮਸਲਾ ਹੋਵੇ, ਤੁਹਾਨੂੰ ਖੁਲ੍ਹੇ ਵਪਾਰ ਦਾ ਮੰਤਰ ਪੇਸ਼ ਕੀਤਾ ਜਾਂਦਾ ਹੈ। ਖੁੱਲ੍ਹਾ ਵਪਾਰ ਕੀ ਹੈ? ਕੀ ਖੁੱਲ੍ਹਾ ਵਪਾਰ ਅੱਜ ਕਲ ਹੋ ਸਕਦਾ ਹੈ?

ਖੁਲ੍ਹੇ ਵਪਾਰ ਦਾ ਮਤਲਬ ਹੈ ਕਿ ਹਰੇਕ ਵਪਾਰੀ ਨੂੰ ਬਿਨਾਂ ਕਿਸੇ ਵਿਤਕਰੇ ਦੇ, ਬਿਨਾਂ ਕਿਸੇ ਰੋਕ ਟੋਕ ਦੇ ਵਪਾਰ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਸਮਾਜ ਅਤੇ ਸਰਕਾਰ ਨੂੰ ਇਸ ਵਪਾਰ ਵਿਚ ਕੋਈ ਦਖਲ ਨਹੀਂ ਦੇਣਾ ਚਾਹੀਦਾ। ਮੰਡੀ ਵਿਚ ਹਰੇਕ ਨੂੰ ਆਪਣਾ ਸਾਮਾਨ ਵੇਚਣ ਦੀ ਖੁਲ੍ਹ ਹੋਣੀ ਚਾਹੀਦੀ ਹੈ ਅਤੇ ਜੇ ਕੀਮਤ ਪੁਗਦੀ ਹੋਵੇ ਤਾਂ ਗਾਹਕ ਜਿਹਦੇ ਕੋਲੋਂ ਚਾਹੁਣ ਮਾਲ ਖ਼ਰੀਦਣ। ਮਾਲ ਦੇ ਆਉਣ ਜਾਣ ਤੇ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ। ਵਪਾਰ ਦੇ ਸਾਰੇ ਕੰਮ ਨੂੰ ਸਿਰਫ਼ ਮੰਡੀ ਦੇ ਦੇਵਤਾ ਦੇ ਆਸਰੇ ਤੇ ਛੱਡ ਦੇਣਾ ਚਾਹੀਦਾ ਹੈ ਅਤੇ ਉਸ ਦੀ ਛਤਰ ਛਾਇਆ ਹੇਠ ਸਭ ਦਾ ਕਲਿਆਣ ਹੋ ਜਾਵੇਗਾ।

ਬੇਸ਼ੱਕ ਸੁਣਨ ਵਿਚ ਇਹ ਗੱਲ ਵਾਜਬ ਲੱਗਦੀ ਹੈ ਪਰ ਅਸਲੀਅਤ ਕੀ ਹੈ? ਅਸਲੀਅਤ ਇਹ ਹੈ ਕਿ ਖੁੱਲ੍ਹੀ ਮੰਡੀ ਅੱਜ ਕਿਤੇ ਵੀ ਨਹੀਂ ਹੈ। ਸਾਡੇ ਰੋਜ਼ ਦੀਆਂ ਲੋੜੀਂਦਾ ਵਸਤਾਂ ਅੱਜ ਸਿਰਫ਼ ਕੁਝ ਹੀ ਵੱਡੀਆਂ ਅਜਾਰੇਦਾਰ ਕੰਪਨੀਆਂ ਦੇ ਹੱਥ ਵਿਚ ਹਨ। ਮਿਸਾਲ ਦੇ ਤੌਰ ਤੇ ਦੁਨੀਆ ਭਰ ਦੇ ਅਨਾਜ ਦਾ ਵਪਾਰ ਸਿਰਫ਼ ਦੋ ਹੀ ਕੰਪਨੀਆਂ ਕਾਰਗਿਲ ਅਤੇ ਏ.ਡੀ.ਐਮ. ਦੇ ਹੱਥ ਵਿਚ ਹੈ। ਦੁਨੀਆ ਭਰ ਦੇ ਤੇਲ ਦਾ ਵਪਾਰ ਵੀ ਕੁਝ ਕੰਪਨੀਆਂ ਦੇ ਹੱਥਾਂ ਵਿਚ ਹੀ ਹੈ। ਇਸੇ ਤਰਾਂ ਹੋਰ ਵਸਤਾਂ ਦਾ ਬਣਾਉਣਾ ਅਤੇ ਵੇਚਣਾ ਕੁਝ ਵੱਡੀਆਂ ਕੰਪਨੀਆਂ ਦੇ ਹੀ ਹੱਥਾਂ ਵਿਚ ਕੇਂਦਰਤ ਹੈ। ਇਹ ਵੱਡੀਆਂ ਕੰਪਨੀਆਂ ਹੀ ਫੈਸਲਾ ਕਰਦੀਆਂ ਹਨ ਕਿ ਕੋਈ ਵਸਤ ਕਿੰਨੀ ਮਿਕਦਾਰ ਵਿਚ ਬਣਾਈ ਜਾਵੇਗੀ ਅਤੇ ਕਿਸ ਭਾਅ ਵੇਚੀ ਜਾਏਗੀ। ਮਿਸਾਲ ਦੇ ਤੌਰ ਤੇ ਹਰ ਸਾਲ ਤੇਲ ਸਾਫ਼ ਕਰਨ ਵਾਲੀਆਂ ਕੰਪਨੀਆਂ ਫੈਸਲਾ ਕਰਦੀਆਂ ਹਨ ਕਿ ਤੇਲ ਕਿਸ ਕੀਮਤ ਤੇ ਵੇਚਿਆ ਜਾਵੇਗਾ। ਇਸੇ ਤਰਾਂ ਹੋਰਨਾਂ ਵਸਤਾਂ ਦੇ ਭਾਅ ਅਤੇ ਖਪਤ ਵੀ ਇਹ ਵੱਡੇ ਅਜਾਰੇਦਾਰ ਹੀ ਕੰਟਰੋਲ ਕਰਦੇ ਹਨ। ਗਾਹਕਾਂ ਦੇ ਹੱਥ ਵਿਚ ਤਾਂ ਕੁਝ ਵੀ ਨਹੀਂ। ਲੋੜਵੰਦ ਗਾਹਕ ਨੂੰ ਤਾਂ ਜਿਸ ਭਾਅ ਵੀ ਮਿਲੇ ਚੀਜ਼ ਖਰੀਦਣੀ ਪੈਂਦੀ ਹੈ। ਦੂਜੇ ਪਾਸੇ ਛੋਟੇ ਕਿਸਾਨਾਂ, ਛੋਟੇ ਕਾਰੀਗਰਾਂ, ਕਾਰਖ਼ਾਨੇ ਅਤੇ ਵਪਾਰੀਆਂ ਵਗੈਰਾ ਤੋਂ ਇਹੋ ਅਜਾਰੇਦਾਰ ਆਪਣੀ ਮਰਜ਼ੀ ਦੇ ਭਾਅ ਵਸਤਾਂ ਖ਼ਰੀਦ ਦੇ ਹਨ। ਜਿਸ ਨਾਲ ਇਨ੍ਹਾਂ ਛੋਟੇ ਕਿਸਾਨਾਂ ਅਤੇ ਵਪਾਰੀਆਂ ਦਾ ਘਾਣ ਹੁੰਦਾ ਹੈ। ਮਿਸਾਲ ਦੇ ਤੌਰ ਤੇ ਹਿੰਦੁਸਤਾਨ ਵਿਚ ਕਿਸਾਨਾਂ ਲਈ ਬੀਜ, ਟਰੈਕਟਰ, ਡੀਜ਼ਲ, ਦੁਆਈਆਂ, ਖਾਦ ਅਤੇ ਬਿਜਲੀ ਵਗੈਰਾ ਦੇ ਭਾਅ ਇਹ ਜਾਂ ਤਾਂ ਆਪ ਤੈ ਕਰਦੇ ਹਨ ਜਾਂ ਇਹ ਸਰਕਾਰ ਤੋਂ ਤੈ ਕਰਾਉਂਦੇ ਹਨ। ਖ਼ੇਤੀਬਾੜੀ ਦੀਆਂ ਲੋੜੀਂਦੀਆਂ ਵਸਤਾਂ ਦੇ ਕਿਸਾਨਾਂ ਲਈ ਭਾਅ ਹਰ ਸਾਲ ਵਧਦੇ ਜਾਂਦੇ ਹਨ ਪਰ ਉਨ੍ਹਾਂ ਦੀ ਫਸਲ ਦੇ ਭਾਅ ਘੱਟ ਤੈ ਕੀਤੇ ਜਾਂਦੇ ਹਨ ਕਿਉਂਕਿ ਛੋਟੇ ਉਤਪਾਦਕ ਦੀਆਂ ਪੈਦਾ ਕੀਤੀਆਂ ਵਸਤਾਂ ਦੇ ਭਾਅ ਵੱਡੇ ਅਜਾਰੇਦਾਰ ਜਾਂ ਤਾਂ ਆਪ ਤੈ ਕਰਦੇ ਹਨ ਜਾਂ ਸਰਕਾਰ ਤੋਂ ਤੈ ਕਰਵਾਉਂਦੇ ਹਨ। ਸਰਕਾਰ ਕਿਉਂਕਿ ਇਨ੍ਹਾਂ ਦੇ ਹੱਥ ਦੀ ਹੀ ਕਠਪੁਤਲੀ ਹੈ ਇਸ ਲਈ ਇਹ ਭਾਅ ਇਨ੍ਹਾਂ ਦੇ ਫ਼ਾਇਦੇ ਮੁਤਾਬਿਕ ਹੀ ਤੈ ਕਰਦੀ ਹੈ। ਮਿਸਾਲ ਦੇ ਤੌਰ ਤੇ ਹਿੰਦੁਸਤਾਨ ਦੀ ਸਰਕਾਰ ਕਿਸਾਨਾਂ ਦੀ ਫਸਲ ਖ਼ਰੀਦਣ ਦਾ ਭਾਅ ਹਰ ਸਾਲ ਤੈ ਕਰਦੀ ਹੈ। ਛੋਟੇ ਕਿਸਾਨਾਂ ਲਈ ਹਰ ਸਾਲ ਇਹ ਭਾਅ ਮਾਰੂ ਸਾਬਤ ਹੁੰਦੇ ਹਨ। ਇਸ ਭਾਅ ਉਨ੍ਹਾਂ ਦੀ ਲਾਗਤ ਵੀ ਨਹੀਂ ਨਿਕਲਦੀ ਤੇ ਉਹ ਹਰ ਸਾਲ ਕਰਜ਼ੇ ਨਾਲ ਦਬਦੇ ਜਾ ਰਹੇ ਹਨ। ਇਸੇ ਤਰਾਂ ਅਮਰੀਕਾ ਵਿਚ ਵੀ ਛੋਟੇ ਕਿਸਾਨ ਲਗ ਭੱਗ ਖ਼ਤਮ ਹੀ ਹੋ ਗਏ ਹਨ। ਅੱਜ ਤੋਂ ਪੰਜਾਹ ਸਾਲ ਪਹਿਲਾਂ ਅਮਰੀਕਾ ਵਿਚ ਆਬਾਦੀ ਦਾ ਕੋਈ 50 ਫੀ ਸਦੀ ਹਿੱਸਾ ਖੇਤੀ ਬਾੜੀ ਦਾ ਕੰਮ ਕਰਦਾ ਸੀ ਪਰ ਹੁਣ ਆਬਾਦੀ ਦਾ ਕੋਈ ਇਕ ਫੀ ਸਦੀ ਹਿੱਸਾ ਹੀ ਖੇਤੀ ਬਾੜੀ ਦਾ ਕੰਮ ਕਰਦਾ ਹੈ। ਹਿੰਦੁਸਤਾਨ ਵਿਚ ਫਸਲਾਂ ਦੇ ਘੱਟ ਭਾਅ ਤੈ ਕਰਨ ਦੀ ਨੀਤੀ ਕਰਕੇ  ਕਿਸਾਨ ਕਰਜ਼ਿਆਂ ਹੇਠ ਦੱਬੇ ਹੋਏ ਹਜ਼ਾਰਾਂ ਹੀ ਕਿਸਾਨਾਂ ਨੇ ਆਤਮ ਹੱਤਿਆ ਕਰ ਲਈ ਹੈ। ਇਸ ਸਥਿਤੀ ਵਿਚ, ਆਮ ਗਾਹਕ, ਮਜ਼ਦੂਰ, ਨੌਕਰੀ ਪੇਸ਼ਾ ਲੋਕ, ਛੋਟਾ ਕਿਸਾਨ ਅਤੇ ਵਪਾਰੀ ਤਾਂ ਬਿਲਕੁਲ ਹੀ ਇਨ੍ਹਾਂ ਵੱਡੇ ਅਜਾਰੇਦਾਰਾਂ ਦੇ ਰਹਿਮ ਤੇ ਰਹਿ ਜਾਂਦੇ ਹਨ ਅਤੇ ਇਹ ਵੱਡੇ ਅਜਾਰੇਦਾਰ ਇਨ੍ਹਾਂ ਸਭ ਦੀ ਰੱਜ ਕੇ ਲੁੱਟ ਕਰਦੇ ਹਨ। ਮਾਲ ਸਸਤੇ ਤੋਂ ਸਸਤਾ ਖ਼ਰੀਦ ਕੇ ਮਹਿੰਗੇ ਤੋਂ ਮਹਿੰਗੇ ਭਾਅ ਵੇਚਣਾ ਇਨ੍ਹਾਂ ਦਾ ਅਸੂਲ ਹੈ।

ਇਹ ਵੱਡੇ ਅਜਾਰੇਦਾਰ ਖੁਲ੍ਹੇ ਵਪਾਰ ਦਾ ਨਾਅਰਾ ਅੰਤਰਰਾਸ਼ਟਰੀ ਪੱਧਰ ਤੇ ਉਨ੍ਹਾਂ ਮੰਡੀਆਂ ਨੂੰ ਆਪਣੇ ਕੰਟਰੋਲ ਵਿਚ ਲਿਆਉਣ ਲਈ ਲਾ ਰਹੇ ਹਨ ਜਿਨ੍ਹਾਂ ਉੱਤੇ ਅਜੇ ਤੱਕ ਇਨ੍ਹਾਂ ਦਾ ਕੰਟਰੋਲ ਨਹੀਂ ਹੈ। ਸਾਮਰਾਜੀਆਂ ਦਾ ਮੰਤਵ ਸਮਾਜ ਦੇ ਸਾਰੇ ਕੁਦਰਤੀ ਸੋਮੇ ਅਤੇ ਪੈਦਾਵਾਰ ਦੀਆਂ ਸ਼ਕਤੀਆਂ ਆਪਣੇ ਹੱਥ ਵਿਚ ਕਰਕੇ ਆਪਣੇ ਮੁਨਾਫ਼ੇ ਵਧਾਉਣਾ ਹੈ। ਹਿੰਦੁਸਤਾਨ ਅਤੇ ਹੋਰਨਾਂ ਮੁਲਕਾਂ ਵਿਚ ਜਿੱਥੇ ਕਿ ਅਜੇ ਇਨ੍ਹਾਂ ਅਜਾਰੇਦਾਰਾਂ ਦਾ ਪੂਰਾ ਕੰਟਰੋਲ ਨਹੀਂ ਹੈ ਉਥੇ ਇਹ ਇਸ ਨਾਅਰੇ ਨਾਲ ਸਰਕਾਰ ਦੀ ਮਦਦ ਨਾਲ ਸਭ ਕੁਝ ਆਪਣੇ ਕੰਟਰੋਲ ਵਿਚ ਕਰਨਾ ਚਾਹੁੰਦੇ ਹਨ। ਮਿਸਾਲ ਦੇ ਤੌਰ ਤੇ ਕੇਰਲਾ ਦੇ ਇਕ ਇਲਾਕੇ ਵਿਚ ਕੋਕਾ ਕੋਲਾ ਨੇ ਹਰ ਰੋਜ਼ ੫ ਲੱਖ ਲੀਟਰ ਪਾਣੀ ਇਸਤੇਮਾਲ ਕਰਨਾ ਸ਼ੁਰੂ ਕਰ ਦਿਤਾ ਸੀ ਜਦ ਕਿ ਇਥੇ ਦੇ ਲੋਕਾਂ ਨੂੰ ਪੀਣ ਲਈ ਵੀ ਪਾਣੀ ਨਹੀਂ ਮਿਲਦਾ ਸੀ। ਇਹਦੇ ਨਾਲ ਹੀ ਕੋਕਾ ਕੋਲਾ ਨੇ ਹੀ ਹੋਰਨਾਂ

ਕੰਪਨੀਆਂ ਜਿਵੇਂ ਕਿ ਥੰਮਸ ਅੱਪ ਦਾ ਘਾਣ ਕਰ ਦਿਤਾ ਹੈ ਅਤੇ ਉਨ੍ਹਾਂ ਨੂੰ ਖ਼ਰੀਦ ਲਿਆ ਹੈ। ਅੰਤਰਰਾਸ਼ਟਰੀ ਪੱਧਰ ਤੇ ਦੋ ਜਾਂ ਤਿੰਨ ਕੰਪਨੀਆਂ ਹੀ ਇਸ ਖੇਤਰ ਵਿਚ ਭਾਰੂ ਹਨ।
ਇਹ ਵੱਡੇ ਅਜਾਰੇਦਾਰ ਖੁਲ੍ਹੇ ਵਪਾਰ ਦੇ ਨਾਅਰੇ ਅਸਲੀਅਤ ਨੂੰ ਛੁਪਾ ਕੇ ਮੱਧ ਵਰਗ, ਬੁੱਧੀ-ਜੀਵੀਆਂ ਅਤੇ ਛੋਟੇ ਵਪਾਰੀਆਂ ਨੂੰ ਭੁਲੇਖੇ ਪਾਕੇ ਆਪਣੇ ਮਗਰ ਲਾਉਣ ਲਈ ਲਾ ਰਹੇ ਹਨ ਤਾਂ ਕਿ ਇਹ ਤਬਕੇ ਇਸ ਨਾਅਰੇ ਨਾਲ ਸਮਾਜ ਦੇ ਹਰ ਵਸੀਲੇ ਨੂੰ ਇਨ੍ਹਾਂ ਅਜਾਰੇਦਾਰਾਂ ਦੇ ਹੱਥ ਦੇਣ ਵਿਚ ਇਨ੍ਹਾਂ ਦੀ ਮਦਦ ਕਰਨ। ਇਨ੍ਹਾਂ ਦੇ ਸਾਰੇ ਅਦਾਰੇ ਜਿਵੇਂ ਕਿ ਆਲਮੀ ਬੈਂਕ, ਆਲਮੀ ਮੁਦਰਾਕੋਸ਼, ਵਿਸ਼ਵ ਵਪਾਰ ਸੰਸਥਾ ਅਤੇ ਏਸ਼ੀਅਨ ਵਿਕਾਸ ਬੈਂਕ ਵੀ ਇਹੋ ਫਰੇਬ ਕਰਦੇ ਹਨ। ਖੁਲ੍ਹੇ ਵਪਾਰ ਦਾ ਮਤਲਬ ਇਹ ਹੈ ਕਿ ਜੋ ਵਪਾਰੀ ਮਾਇਕ ਤੌਰ ਤੇ ਜਿੰਨਾਂ ਤਕੜਾ ਹੈ ਉਹ ਉਨਾਂ ਹੀ ਜ਼ਿਆਦਾ ਵਪਾਰ ਕਰ ਸਕਦਾ ਹੈ। ਜਿਸ ਕੋਲ ਜਿੰਨੀ ਮਾਇਕ ਤਾਕਤ ਹੈ ਉਹ ਉਸ ਨਾਲ ਮੰਡੀ ਅਤੇ ਕੁਦਰਤੀ ਸੋਮੇ ਕੰਟਰੋਲ ਕਰ ਸਕਦਾ ਹੈ। ਇਸ `ਖੁਲ੍ਹੇ ਵਪਾਰ`ਨਾਲ ਸਿਰਫ਼ ਵੱਡੇ ਅਜਾਰੇਦਾਰਾਂ ਦਾ ਹੀ ਫਾਇਦਾ ਹੁੰਦਾ ਹੈ। ਪਰ ਜੋ ਦੂਰ-ਅੰਦੇਸ਼ ਨਹੀਂ ਹੈ ਉਹਨੂੰ ਇਸ ਵਿਚ ਵਕਤੀ ਤੌਰ ਤੇ ਫਾਇਦਾ ਦਿਸਦਾ ਹੈ ਅਤੇ ਆਪਣਾ ਘਾਣ ਕਰਵਾ ਲੈਂਦਾ ਹੈ ਅਤੇ ਇਨ੍ਹਾਂ ਅਜਾਰੇਦਾਰਾਂ ਦੀ ਤਾਕਤ ਸਾਮ੍ਹਣੇ ਉਸ ਨੂੰ ਗੋਡੇ ਟੇਕਣੇ ਪੈਂਦੇ ਹਨ। ਉਹਦੇ ਕੋਲੇ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਵਸੀਲੇ ਨਹੀਂ ਹੁੰਦੇ ਹਨ। ਇਸ ਲਈ ਉਹ ਕੁੜਿੱਕੀ ਵਿਚ ਫਸ ਜਾਂਦਾ ਹੈ।

ਖੁੱਲ੍ਹਾ ਵਪਾਰ ਆਮ ਲੋਕਾਂ, ਗਾਹਕਾਂ, ਕਿਸਾਨਾਂ, ਮਜ਼ਦੂਰਾਂ, ਅਤੇ ਛੋਟੇ ਵਪਾਰੀਆਂ ਦੀ ਲੁੱਟ ਦਾ ਇਕ ਵਸੀਲਾ ਹੈ। ਇਹ ਲੋਕਾਂ ਦੇ ਬੁਨਿਆਦੀ ਮਸਲਿਆਂ ਨੂੰ ਘਟਾਉਂਦਾ ਨਹੀਂ ਹੋਰ ਵਧਾਉਂਦਾ ਹੈ। ਇਸ ਦੇ ਨਾਲ ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਦੀ ਵਰਤੋਂ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਬਲਕਿ ਇਨ੍ਹਾਂ ਅਜਾਰੇਦਾਰਾਂ ਦੇ ਮੁਨਾਫ਼ੇ ਵਧਾਉਣ ਲਈ ਹੁੰਦੀ ਹੈ ਤੇ ਇਨ੍ਹਾਂ ਦੇ ਕੰਟਰੋਲ ਵਿਚ ਕਰ ਦਿਤੇ ਜਾਂਦੇ ਹਨ। ਕਿਉਂਕਿ ਇਨ੍ਹਾਂ ਅਜਾਰੇਦਾਰਾਂ ਦੇ ਹੱਥ ਬੜੇ ਲੰਬੇ ਹਨ ਇਸ ਲਈ ਇਹ ਦੁਨੀਆ ਭਰ ਦੀ ਮੰਡੀ ਨੂੰ ਕੰਟਰੋਲ ਕਰਕੇ ਆਪਣੇ ਮੁਨਾਫ਼ੇ ਵਧਾਉਂਦੇ ਹਨ। ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨ ਇਹ ਆਪਣੇ ਮੁਨਾਫ਼ੇ ਦੀ ਭੇਟ ਚੜ੍ਹਾਉਂਦੇ ਹਨ। ਇਸ ਨਾਲ ਗਰੀਬ ਹੋਰ ਗਰੀਬ ਹੋ ਜਾਂਦੇ ਹਨ ਅਤੇ ਅਮੀਰ ਹੋਰ ਅਮੀਰ ਹੋ ਜਾਂਦੇ ਹਨ।

ਕੀ ਇਸ ਜਕੜ ਤੋਂ ਨਿਕਲਣ ਦਾ ਕੋਈ ਰਾਹ ਹੈ? ਕੀ ਇਸ ਬੀਮਾਰੀ ਦਾ ਕੋਈ ਇਲਾਜ ਹੈ? ਹਾਕਮ ਜਮਾਤਾਂ ਦੀ ਸਰਕਾਰ ਅਤੇ ਇਨ੍ਹਾਂ ਅਜਾਰੇਦਾਰਾਂ ਦੇ ਅਦਾਰੇ ਕਹਿੰਦੇ ਹਨ ਕਿ ਖੁਲ੍ਹੀ ਮੰਡੀ, ਖੁਲ੍ਹੇ ਵਪਾਰ ਤੇ ਨਿਜੀ ਮੁਨਾਫ਼ੇ ਦੇ ਇਸ ਦੇਵਤਾ ਦੀ ਜੱਫ਼ੀ ਤੋਂ ਨਿਕਲਣ ਦਾ ਕੋਈ ਤਰੀਕਾ ਨਹੀਂ ਹੈ। ਲੋਕਾਂ ਨੂੰ ਇਸ ਦੇਵਤਾ ਅੱਗੇ ਗੋਡੇ ਟੇਕਣੇ ਹੀ ਪੈਣੇ ਹਨ ਅਤੇ ਇਸ ਤੋਂ ਇਲਾਵਾ ਉਨ੍ਹਾਂ ਦਾ ਛੁਟਕਾਰਾ ਹੋ ਨਹੀਂ ਸਕਦਾ। ਪਰ ਇਹ ਸਭ ਭੁਲੇਖੇ ਅਤੇ ਫਰੇਬ ਹਨ। ਮਨੁੱਖਤਾ ਦਾ ਇਤਿਹਾਸ ਦੱਸਦਾ ਹੈ ਕਿ ਮਨੁੱਖਤਾ ਆਪਣੇ ਇਤਿਹਾਸ ਦਾ 99 ਫੀ ਸਦੀ ਸਮਾਂ ਇਨ੍ਹਾਂ ਅਜਾਰੇਦਾਰਾਂ ਦੇ ਬਗੈਰ ਕੱਟ ਚੁੱਕੀ ਹੈ ਅਤੇ ਇਹ ਅਜਾਰੇਦਾਰ ਯੂਰਪ ਵਿਚ ਇਕ ਖ਼ਾਸ ਦੌਰ ਵਿਚ ਪੈਦਾ ਹੋਏ ਸਨ। ਮਨੁੱਖਤਾ ਇਨ੍ਹਾਂ ਅਜਾਰੇਦਾਰਾਂ ਤੋਂ ਬਗੈਰ ਰਹਿ ਸਕਦੀ ਹੈ।

ਸਮਾਜ ਦੇ ਕੁਦਰਤੀ ਅਤੇ ਮਨੁੱਖੀ ਵਸੀਲੇ ਕਿਸ ਤਰਾਂ ਵਰਤੇ ਜਾਣ? ਕੀ ਪੈਦਾ ਕੀਤਾ ਜਾਵੇ? ਕਿੰਨਾਂ ਪੈਦਾ ਕੀਤਾ ਜਾਵੇ? ਇਸ ਦਾ ਵਟਾਂਦਰਾ ਕਿਸ ਹਿਸਾਬ ਨਾਲ ਕੀਤਾ ਜਾਵੇ ਜਾਂ ਕਿਸ ਕੀਮਤ ਤੇ ਵੇਚਿਆ ਜਾਵੇ? ਇਹ ਬਹੁਤ ਹੀ ਅਹਿਮ ਫੈਸਲੇ ਹਨ। ਲੇਕਿਨ ਅਸਲੀ ਮਸਲਾ ਇਹ ਹੈ ਕਿ ਇਹ ਸਾਰੇ ਫੈਸਲੇ ਇਸ ਵੇਲੇ ਲੋਕਾਂ ਦੇ ਹੱਥ ਵਿਚ ਨਹੀਂ। ਮਿਸਾਲ ਦੇ ਤੌਰ ਤੇ ਲੋਕ ਇਕ ਪਿੰਡ ਵਿਚ ਇਹ ਫੈਸਲਾ ਕਰ ਸਕਦੇ ਹਨ ਕਿ ਉਨ੍ਹਾਂ ਨੂੰ ਕਿਨੇ ਅਨਾਜ ਦੀ ਲੋੜ ਹੈ, ਕਿੰਨੀਆਂ ਦਾਲਾਂ,ਸਬਜ਼ੀਆਂ ਅਤੇ ਫਲਾਂ ਦੀ ਲੋੜ ਹੈ। ਉਹ ਪਿੰਡ ਦੀ ਜ਼ਮੀਨ ਨਾਲ ਇਹ ਸਭ ਕੁਝ ਪੈਦਾ ਕਰਕੇ ਆਪਣੀਆਂ ਲੋੜਾਂ ਪੂਰੀਆਂ ਕਰ ਸਕਦੇ ਹਨ। ਜਿਹੜੀਆਂ ਲੋੜਾਂ ਲਈ ਉਨ੍ਹਾਂ ਨੂੰ ਪਿੰਡ ਤੋਂ ਬਾਹਰ ਸ਼ਹਿਰਾਂ ਤੋਂ ਜਾਂ ਹੋਰ ਪਿੰਡਾਂ ਤੋਂ ਵਸਤਾਂ ਲਿਆਉਣ ਦੀ ਲੋੜ ਹੈ ਉਹ ਵਸਤਾਂ ਉਹ ਆਪਣੇ ਪਿੰਡ ਵਿਚ ਆਪਣੀ ਲੋੜ ਤੋਂ ਵੱਧ ਪੈਦਾਵਾਰ ਦੇ ਹਿੱਸੇ ਨਾਲ ਵਟਾ ਸਕਦੇ ਹਨ। ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਉਨ੍ਹਾਂ ਨੂੰ ਮੰਡੀ ਦੇ ਦੇਵਤਾ ਅਤੇ ਅਜਾਰੇਦਾਰ ਪੁਜਾਰੀਆਂ ਅੱਗੇ ਸਜਦਾ ਕਰਨ ਦੀ ਕੋਈ ਲੋੜ ਨਹੀਂ।

ਲੇਕਿਨ ਹਿੰਦੁਸਤਾਨ ਵਿਚ ਅੰਗ੍ਰੇਜ਼ ਬਸਤੀਵਾਦੀਆਂ ਨੇ ਇਹ ਫੈਸਲੇ ਆਪਣੇ ਰਾਜ ਤੰਤ੍ਰ ਦੇ ਹੱਥ ਵਿਚ ਕੇਂਦਰਤ ਕਰ ਦਿੱਤੇ ਸੀ। ਇਹ ਰਾਜ ਤੰਤ੍ਰ ਇਨ੍ਹਾਂ ਵੱਡੇ ਅਜਾਰੇਦਾਰਾਂ ਦੇ ਹੱਥ ਵਿਚ ਸੀ। ਪਹਿਲਾਂ ਈਸਟ ਈਂਡੀਆ ਕੰਪਨੀ ਅਤੇ ਫੇਰ ਹੋਰਨਾਂ ਦੇ ਹੱਥ ਵਿਚ। 1947 ਦੀ ਵੰਡ ਦੇ ਬਾਦ ਵੀ ਇਹ ਫੈਸਲੇ ਲੋਕਾਂ ਦੇ ਹੱਥ ਵਿਚ ਵਾਪਸ ਨਹੀਂ ਦਿੱਤੇ ਗਏ। ਇਹ ਫੈਸਲੇ ਜਾਂ ਤਾਂ ਸਿੱਧੇ ਤੌਰ ਤੇ ਕੇਂਦਰੀ ਸਰਕਾਰ ਦੁਆਰਾ ਅਜਾਰੇਦਾਰਾਂ ਦੇ ਹੱਥ ਵਿਚ ਹਨ ਜਾਂ ਫਿਰ ਮੰਡੀ ਦੁਆਰਾ ਇਨ੍ਹਾਂ ਅਜਾਰੇਦਾਰਾਂ ਦੇ ਹੱਥ ਵਿਚ ਹਨ। ਅਜਾਰੇਦਾਰਾਂ ਦੀ ਇਸ ਜਕੜ ਚੋਂ` ਨਿਕਲ ਕੇ ਭੁੱਖ ਨੰਗ ਤੋਂ ਛੁਟਕਾਰਾ ਪਾਉਣ ਲਈ ਇਹ ਸਭ ਫੈਸਲੇ ਲੋਕਾਂ ਨੂੰ ਆਪ ਹੀ ਕਰਨ ਦੀ ਲੋੜ ਹੈ। ਉਹ ਇਹ ਫੈਸਲੇ ਰਾਜਤੰਤ੍ਰ ਜਾਂ ਮੰਡੀ ਦੇ ਹੱਥ ਵਿਚ ਨਹੀਂ ਛੱਡ ਸਕਦੇ। ਲੋਕਾਂ ਨੂੰ ਲੋੜ ਹੈ ਇਹ ਫੈਸਲੇ ਆਪਣੇ ਹੱਥ ਵਿਚ ਲੈਣ ਦੀ। ਲੋੜ ਹੈ ਸਾਂਝੇ ਮਸਲਿਆਂ ਦੇ ਸਾਂਝੇ ਫੈਸਲੇ ਕਰਨ ਦੀ। ਲੋੜ ਹੈ ਆਪਣੇ ਕੁਦਰਤੀ ਸਾਧਨ ਆਪਣੇ ਹਥ ਲੈਣ ਦੀ । ਲੋਕਾਂ ਨੇ ਆਪਣੇ ਮਸਲੇ ਜੇ ਹੱਲ ਕਰਨੇ ਹਨ ਤਾਂ ਇਹ ਫੈਸਲੇ ਸਰਕਾਰ, ਰਾਜ ਤੰਤ੍ਰ ਜਾਂ ਮੰਡੀ ਦੇ ਹੱਥ ਨਹੀਂ ਰਹਿਣ ਦਿਤੇ ਜਾ ਸਕਦੇ।